ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।
ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।
ਵੈਬ-ਸਾਈਟ:- www.educationrecruitmentboard.com

## ਪਬਲਿਕ ਨੋਟਿਸ

**Society for Promotion of Quality Education for Poor and Meritorious Students of Punjab** ਵੱਲੋਂ ਮੈਟ੍ਰਿਕ ਦੀ ਪ੍ਰੀਖਿਆ ਵਿੱਚ 80 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਮੈਰੀਟੋਰੀਅਸ ਵਿਦਿਆਰਥੀਆਂ ਲਈ ਵਿਸ਼ੇਸ਼ ਸਕੂਲ 11ਵੀਂ ਅਤੇ 12ਵੀਂ ਜਮਾਤ ਲਈ ਖੋਲੇ ਜਾਣ ਵਾਲੇ ਸੀਨੀਅਰ ਸੈਕੰਡਰੀ ਰੈਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ, ਵਿੱਚ ਸਟਾਫ ਦਾ ਪ੍ਰਬੰਧ ਕਰਨ ਸਬੰਧੀ ਨਿਰੋਲ ਠੇਕੇ ਦੇ ਆਧਾਰ ਤੇ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਪਾਸੋਂ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 20-05-2014 ਤੱਕ ਆਨ-ਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਵਿਗਿਆਪਨ ਵਿੱਚ ਦਰਸਾਏ ਗਏ ਚੋਣ ਕਰਾਈਟੇਰੀਏ ਅਨੁਸਾਰ ਜਿਹੜੇ ਉਮੀਦਵਾਰਾਂ ਨੇ ਕਾਲਜ ਲੈਕਚਰਾਰ ਦੀ ਆਸਾਮੀ ਲਈ ਮੁੱਢਲੀ ਪਾਤਰਤਾ ਨਿਰਧਾਰਤ ਕਰਨ ਲਈ ਨੈਸ਼ਨਲ ਇਲੀਜੀਬਿਲਟੀ ਟੈਸਟ (NET) ਪਾਸ ਕੀਤਾ ਹੋਇਆ ਹੈ। ਉਹਨਾਂ ਉਮੀਦਵਾਰਾਂ ਨੂੰ ਪ੍ਰੋਵੀਜ਼ਨਲ ਮੈਰਿਟ ਬਣਾਉਣ ਲਈ ਵੈਬ-ਸਾਈਟ ਤੇ ਪਾਈ ਗਈ ਵੱਖ-ਵੱਖ ਵਿਸ਼ਿਆਂ ਦੀ ਲਿਸਟ ਅਨੁਸਾਰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਮਿਤੀ 09-06-2014 ਤੋਂ 10-06-2014 ਤੱਕ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ,3ਬੀ-1,ਐਸ.ਏ.ਐਸ ਨਗਰ ਵਿਖੇ ਸਵੇਰੇ 09:00ਵਜੇ ਤੋਂ ਸ਼ਾਮ 05:00 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਇੰਟਰਨੈਂਟ ਰਾਹੀਂ ਡਾਊਨ ਲੋਡ ਕੀਤਾ ਰਜਿਸਟ੍ਰੇਸ਼ਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1. | 09-06-14 | 1. ਡੀ.ਪੀ.ਈ ਦੀ ਆਸਾਮੀਆਂ ਲਈ ਸਾਰੇ ਉਮੀਦਵਾਰ ਵਿਭਾਗ ਤੇ ਪਾਈ ਲਿਸਟ ਅਨੁਸਾਰ।<br>2. ਲੈਕਚਰਾਰ : ਅੰਗਰੇਜ਼ੀ, ਮੈਥ, ਕਮਿਸਟਰੀ, ਬਾਇਓਲੋਜੀ ਅਤੇ ਕਾਮਰਸ ਦੀ ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨਸਾਰ। |
| 2. | 10-06-2014 | ਲੈਕਚਰਾਰ : ਫਿਜਿਕਸ, ਪੰਜਾਬੀ, ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨਸਾਰ। |
| 3. | 11-06-2014 | ਉਪਰੋਕਤ ਮਿਤੀ 09-06-2014 ਅਤੇ 10-06-2014 ਨੂੰ ਜੇਕਰ ਕੋਈ ਉਮੀਦਵਾਰ ਕਿਸੇ ਕਾਰਨ ਗੈਰਹਾਜਰ ਹੋ ਜਾਂਦਾ ਹੈ ਤਾਂ ਉਸ ਉਮੀਦਵਾਰ ਨੂੰ ਮਿਤੀ 11-06-2014 ਨੂੰ ਅਸਲ ਦਸਤਾਂਵੇਜਾਂ ਦੀ ਸਕਰੂਟਨੀ ਕਰਨ ਲਈ ਦੁਬਾਰਾ ਆਖਰੀ ਮੌਕਾ ਦਿੱਤਾ ਜਾਵੇਗਾ। |

1. ਨੈਸ਼ਨਲ ਇਲੀਜੀਬਿਲਟੀ ਟੈਸਟ (NET) ਪਾਸ ਕਰਨ ਵਾਲੇ ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।

2. ਕਿਸੇ ਵੀ ਉਮੀਦਵਾਰ ਵੱਲੋ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।

3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।

4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।

5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਮੈਰਿਟ ਵਿੱਚ ਆਉਂਦਾ/ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।

6. **www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।

7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।

9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

ਕਰਮਜੀਤ ਸਿੰਘ
4/1/14.

**ਸਹਾਇਕ ਡਾਇਰੈਕਟਰ**
**ਸਿੱਖਿਆ ਭਰਤੀ ਬੋਰਡ।**